M.R. School Open


ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ, ਐਸ.ਸੀ.ਓ ਨੰ:
102-103,ਸੈਕਟਰ 34-ਏ ਚੰਡੀਗੜ੍ਹ। ਫੋਨ ਨੰ:0172-2608746
ਫੈਕਸ ਨੰ:0172-2664533 ਈ.ਮੇਲ (dddwcd8@gmail.com)


ਸੇਵਾ ਵਿਖੇ

1. ਪ੍ਰਬੰਧਕੀ ਸਕੱਤਰ,ਸਕੂਲ ਸਿੱਖਿਆ ਵਿਭਾਗ।
2. ਪ੍ਰਬੰਧਕੀ ਸਕੱਤਰ,ਉਚੇਰੀ ਸਿੱਖਿਆ ਵਿਭਾਗ।
3. ਪ੍ਰਬੰਧਕੀ ਸਕੱਤਰ, ਟਰਾਂਸਪੋਰਟ ਵਿਭਾਗ।
4. ਪ੍ਰਬੰਧਕੀ ਸਕੱਤਰ, ਤਕਨੀਕੀ ਸਿੱਖਿਆ।
5. ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼।
6. ਰਜਿਸ਼ਟਰਾਰ ਸਾਰੀਆਂ ਯੂਨੀਵਰਸਿਟੀਆਂ ਪੰਜਾਬ ਰਾਜ।

ਨੰ:ਡੀਏ-1(ਸਸ)2018/ ।੫੭-੭- 73
ਮਿਤੀ ਚੰਡੀਗੜ੍ਹ ੧.੫. 2018

ਵਿਸ਼ਾ:- CWP No. 22527 of 2017 – Jyoti Sehgal Versus Union of India and Ors. ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮ ਮਿਤੀ 08.03.2018 ਦੀ ਪਾਲਣਾ ਕਰਨ ਸਬੰਧੀ।

ਉਪਰੋਕਤ ਵਿਸ਼ੇ ਵਿੱਚ ਦਰਜ਼ ਰਿੱਟ ਪਟੀਸ਼ਨ ਵਿੱਚ ਮਿਤੀ 8.3.2018 ਨੂੰ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਕੀਤੇ ਗਏ ਹੁਕਮਾਂ ਦੇ ਪੈਰ੍ਹਾ-16 ਅਨੁਸਾਰ ਹਦਾਇਤ ਕੀਤੀ ਗਈ ਹੈ ਕਿ ਪੰਜਾਬ ਰਾਜ ਵਿੱਚ ਸਾਰੇ ਸਕੂਲਾਂ ਵਿੱਚ ਡਿਸਪਲੇਅ ਬੋਰਡ ਲਗਾਏ ਜਾਣ ਜਿਨ੍ਹਾਂ ਵਿੱਚ ਰਾਈਟਸ ਆਫ ਪਰਸਨਜ਼ ਵਿਦ ਡਿਸਏਬਿਲਟੀ ਐਕਟ, 2016 ਵਿੱਚ ਅੰਗਹੀਣ ਵਿਦਿਆਰਥੀਆਂ ਦੇ ਦਰਜ ਹੱਕਾਂ ਬਾਰੇ ਦਰਸਾਇਆ ਗਿਆ ਹੋਵੇ ਅਤੇ ਇਨ੍ਹਾਂ ਵਿਦਿਆਰਥੀਆਂ ਨੂੰ ਕਿਸੇ ਮੁਸ਼ਕਲ ਜਾਂ ਔਕੜ ਆਉਣ ਦੀ ਸੂਰਤ ਵਿੱਚ ਜਿਸ ਅਧਿਕਾਰਤ ਵਿਅਕਤੀ / ਸਮਰੱਥ ਅਥਾਰਟੀ ਨਾਲ ਸਪੰਰਕ ਕਰਨਾ ਹੋਵੇ ਦਾ ਸੰਪਰਕ ਨੰਬਰ ਤੇ ਪਤਾ ਦਰਜ਼ ਹੋਵੇ। ਇਸੇ ਤਰ੍ਹਾਂ ਇਨ੍ਹਾਂ ਹੁਕਮਾਂ ਦੇ ਪੈਰ੍ਹਾ 19 ਅਨੁਸਾਰ ਰਾਈਟਸ ਆਫ ਪਰਸਨਜ਼ ਵਿਦ ਡਿਸਏਬਿਲਟੀ ਐਕਟ, 2016 ਵਿੱਚ ਅੰਗਹੀਣ ਵਿਦਿਆਰਥੀਆਂ ਦੇ ਹੱਕਾਂ ਬਾਰੇ ਆਮ ਜਨਤਾ ਵਿੱਚ ਜਾਗਰੂਕਤਾ ਫੈਲਾਉਣ ਲਈ ਅਜਿਹੇ ਡਿਸਪਲੇਅ ਬੋਰਡ ਹਸਪਤਾਲਾਂ, ਡਿਪਟੀ ਕਮਿਸ਼ਨਰਾਂ ਦੇ ਦਫਤਰ,ਸਬ-ਡਵੀਜ਼ਨ ਲੈਵਲ ਦੇ ਦਫਤਰ, ਪੰਚਾਇਤ ਘਰ੍ਹਾਂ ਅਤੇ ਪੰਜਾਬ ਰੋਡਵੇਜ਼ ਦੀਆਂ ਬੱਸਾਂ ਵਿੱਚ ਵੀ ਲਗਾਉਣੇ ਚਾਹੀਦੇ ਹਨ।

ਮਾਨਯੋਗ ਹਾਈਕੋਰਟ ਦੇ ਉਕੱਤ ਹੁਕਮਾਂ ਦੇ ਮੱਦੇ ਨਜ਼ਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਜੀ ਦੇ ਅਧੀਨ ਆਉਂਦੇ ਸਿੱਖਿਆ ਸੰਸਥਾਵਾਂ, ਤਕਨੀਕੀ ਸਿੱਖਿਆ ਸੰਸਥਾਵਾਂ, ਸਮੂਹ ਯੂਨੀਵਰਸਿਟੀਆਂ, ਡਿਪਟੀ ਕਮਿਸ਼ਨਰਾਂ ਦੇ ਦਫਤਰ, ਸਰਕਾਰੀ ਹਸਪਤਾਲਾਂ, ਉਪ-ਮੰਡਲ ਪੱਧਰ ਦੇ ਦਫਤਰ, ਪੰਚਾਇਤ ਘਰ੍ਹਾਂ ਅਤੇ ਪੰਜਾਬ ਰੋਡਵੇਜ਼ ਦੀਆਂ ਸਰਕਾਰੀ ਬੱਸਾਂ ਵਿੱਚ ਹੇਠ ਲਿਖੇ ਡਿਸਪਲੇ ਬੋਰਡ ਲਗਵਾਕੇ ਮਿਤੀ 07.04.2018 ਨੂੰ ਇਸ ਦਫਤਰ ਨੂੰ ਰਿਪੋਰਟ ਭੇਜਣ ਦੀ ਖੇਚਲ ਕੀਤੀ ਜਾਵੇ ਜੀ।

Scanned by CamScanner

M.R. School Open

ਬੇਨਤੀ ਕੀਤੀ ਜਾਂਦੀ ਹੈ ਕਿ ਇੱਸ ਕੇਸ ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਕੀਤੇ ਗਏ ਹੁਕਮਾਂ ਦੀ ਪਾਲਣਾ ਰਿਪੋਰਟ ਮਿਤੀ 10.04.2017 ਤੱਕ ਭੇਜਣ ਦੀ ਖੇਚਲ ਕੀਤੀ ਜਾਵੇ ਤਾਂ ਜੋ ਸੁਣਵਾਈ ਦੀ ਅਗਲੀ ਮਿਤੀ 17.04.2018 ਨੂੰ ਸਟੇਟਸ ਰਿਪੋਰਟ ਫਾਇਲ ਕੀਤੀ ਜਾ ਸਕੇ ਜੀ।

ਡਾਇਰੈਕਟਰ,
ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ
ਬਾਲ ਵਿਕਾਸ ਵਿਭਾਗ ਪੰਜਾਬ
ਚੰਡੀਗੜ੍ਹ।

ਪਿੱਠ ਅੰਕਣ ਨੰ. 5484 ਮਿਤੀ 10/4/18

ਮੂਲ ਰੂਪ ਵਿੱਚ ਜ਼ਿਲ੍ਹਾ ਸਿੱਖਿਆ ਅਫਸਰ, (ਸੈਕੰਡਰੀ) ਮਾਨਸਾ ਜੀ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਪੱਤਰ ਮੁਤਾਬਿਕ ਕਾਰਵਾਈ ਕਰਕੇ ਮਿਤੀ 13/4/18 ਦਿਨ ਸ਼ੁੱਕਰਵਾਰ ਦੁਪਹਿਰ 12:00 ਵਜੇ ਤੱਕ ਰਿਪੋਰਟ ਇਸ ਦਫਤਰ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ ਜੀ ਤਾਂ ਜੋ ਡਾਇਰੈਕਟਰ, ਸਮਾਜਿਕ ਸੁਰੱਖਿਆ ਜੀ ਨੂੰ ਸੂਚਿਤ ਕੀਤਾ ਜਾ ਸਕੇ ਜੀ।

ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ
ਮਾਨਸਾ

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ ਸਿ) ਮਾਨਸਾ

ਉਪਰੋਕਤ ਸੂਚਨਾ ਸਮੂਹ ਸਕੂਲ ਮੁਖੀ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ, ਕਿ ਇਹ ਸੂਚਨਾ ਮਿਤੀ 12-4-18 ਤੱਕ ਭੇਜੀ ਜਾਵੇ।

10/04/18
ਜ਼ਿਲ੍ਹਾ ਸਿੱਖਿਆ ਅਫਸਰ (ਸੈ ਸਿ)
ਮਾਨਸਾ

## ਸੂਚਨਾਂ

## ਵਿਕਲਾਂਗ ਵਿਅਕਤੀ ਅਧਿਕਾਰ ਐਕਟ (Rights of Persons with disabilities Act 2016 )

ਰਾਈਟਸ ਆਫ . ਪਰਸਨਜ਼ ਵਿਦ ਡਿਸਏਬਿਲਟੀ ਐਕਟ, 2016 ਰਾਂਹੀ ਵਿਕਲਾਂਗਾ (ਦਿਵਿਆਂਗਜਨ) ਨੂੰ ਉਹਨਾਂ ਦੇ ਹੱਕਾ ਦੀ ਰਾਖੀ ਅਤੇ ਭਲਾਈ ਲਈ ਵੱਖ-ਵੱਖ ਸੁਵਿਧਾਵਾ /ਵਿਵਸਥਾਵਾਂ ਦਾ ਉਪਬੰਧ ਕੀਤਾ ਗਿਆ ਹੈ। ਇਸ ਐਕਟ ਅਧੀਨ ਦਿਵਿਆਂਗ ਵਿਦਿਆਰਥੀਆਂ ਨੂੰ ਹੇਠ ਲਿਖੇ ਅਧਿਕਾਰਾਂ /ਸਹੂਲਤਾ ਦਾ ਹੱਕ ਹੈ।

1. 06 ਸਾਲ ਤੋ 18 ਸਾਲ ਦੀ ਉਮਰ ਤੱਕ ਦੇ ਹਰ ਇੱਕ ਦਿਵਿਆਂਗ ਬੱਚੇ ਨੂੰ ਸਰਕਾਰੀ ਸਕੂਲਾਂ ਜਾਂ ਸਪੈਸ਼ਲ ਸਕੂਲਾਂ ਵਿੱਚ ਬਿਨਾਂ ਕਿਸੇ ਭੇਦਭਾਵ ਤੇ ਦਾਖਲੇ ਅਤੇ ਮੁਫਤ ਸਿਖਿਆਂ ਦਾ ਅਧਿਕਾਰ ਹੈ।
2. ਸਰਕਾਰੀ ਵਿਦਿਅਕ ਸੰਸਥਾਵਾਂ ਵਿੱਚ ਦਿਵਿਆਂਗ ਬੱਚਿਆਂ ਲਈ 5% ਸੀਟਾਂ ਰਿਜ਼ਰਵ ਹਨ ਅਤੇ ਦਾਖਲੇ ਲਈ ਉਪਰਲੀ ਉਮਰ ਸੀਮਾਂ ਵਿੱਚ 5 ਸਾਲ ਦੀ ਛੋਟ ਹੈ।
3. ਖੇਡਾਂ ਅਤੇ ਮੰਨੋਰੰਜਨ ਕਿਰਿਆਵਾਂ ਵਿੱਚ ਬਿਨਾਂ ਕਿਸੇ ਭੇਦਭਾਵ ਤੋ ਭਾਗ ਲੈਣ ਦੀ ਸੁਵਿਧਾ ਹੈ।
4. ਉਹਨਾਂ ਨੂੰ ਲੋੜ ਅਨੁਸਾਰ ਸਫਰ ਸਹੂਲਤਾਂ ਅਤੇ ਰਿਹਾਇਸ਼ ਦਾ ਪ੍ਰਬੰਧ ਹੈ। ਸਰਕਾਰੀ ਬੱਸਾਂ ਵਿਚ ਦੇਖਣ ਤੋ ਅਸਮਰੱਥਾਂ ਨੂੰ ਸਫਰੀ ਭੱਤੇ ਵਿੱਚ 100% ਅਤੇ ਬਾਕੀ ਵਿਕਲਾਂਗ ਵਿਦਿਆਰਥੀਆਂ ਨੂੰ 50% ਛੋਟ ਹੈ।
5. ਸੁਣਨ , ਬੋਲਣ ਜਾਂ ਦੇਖਣ ਤੋ ਅਸਮਰੱਥ ਵਿਦਿਆਰਥੀਆਂ ਨੂੰ ਉਚਿੱਤ ਭਾਸ਼ਾਂ ਅਤੇ ਸੰਚਾਰ ਤੇ ਸਹੀ ਮਾਧਿਆਮ ਰਾਂਹੀ ਪੜਾਉਣਾ।
6. 18 ਸਾਲ ਦੀ ਉਮਰ ਤੱਕ ਉਹਨਾਂ ਦੀ ਪੜਾਈ ਲਈ ਮੁਫਤ ਸਿੱਖਣ ਸਮਗਰੀ,ਵਿਸ਼ੈਸ਼ ਸਿਖਿਅਕ, ਵਜੀਫੇ ਦੀ ਸਹੂਲਤ ਅਤੇ ਸਹਾਈ ਯੰਤਰ (Assistive devices) ਦੀ ਸੁਵਿਧਾ ਹੈ।
7. ਇਮਤਿਹਾਨ ਦੇਣ ਸਮੇਂ ਸਾਰੇ ਦਿਵਿਆਂਗ ਵਿਦਿਆਰਥੀਆਂ ਨੂੰ ਵਿਸ਼ੇਸ਼ ਸਹੂਲਤਾਂ ਜਿਵੇ ਵਾਧੂ ਸਮਾਂ, ਦੂਜੀ /ਤੀਜੀ ਭਾਸ਼ਾ ਵਿੱਚ ਛੋਟ ਅਤੇ ਮੁਫਤ ਲਿਖਾਰੀ (Scribe) ਦੀ ਸੁਵਿਧਾ ਹੈ।

ਜੇਕਰ ਕਿਸੇ ਆਮ ਦਿਵਿਆਂਗ ਵਿਅਕਤੀ ਜਾਂ ਦਿਵਿਆਂਗ ਵਿਦਿਆਰਥੀ ਨੂੰ ਇਹ ਲਗਦਾ ਹੈ ਕਿ ਆਰ.ਪੀ.ਡਬਲਿਓ.ਡੀ.ਐਕਟ 2016 ਅਧੀਨ ਦਿੱਤੇ ਹੱਕਾਂ/ਸਹੂਲਤਾ/ਵਿਵਸਥਾਵਾਂ ਦੀ ਉਲੰਘਣਾ ਹੋ ਰਹੀ ਤਾਂ ਉਹ ਡਿਸਏਬਿਲਟੀ ਕਮਿਸ਼ਨਰ, ਪੰਜਾਬ ਜੀ ਨਾਲ ਹੇਠ ਲਿੱਖੇ ਪਤੇ ਤੇ ਸੰਪਰਕ ਕਰ ਸਕਦੇ ਹਨ।

ਸ੍ਰੀ ਕੁਮਾਰ ਰਾਹੁਲ,ਆਈ.ਏ.ਐਸ,
ਕਮਿਸ਼ਨਰ ਫਾਰ ਦਾ ਪਰਸਨਜ਼ ਵਿਦ ਡਿਸਏਬਿਲਟੀ ,ਪੰਜਾਬ
ਕਮਰਾ ਨੰ: 101, 17 ਬੇਜ਼ ਬਿਲਡਿੰਗ, ਨੇੜੇ ਪ੍ਰੋਵੀਡੈਂਟ ਫੰਡ ਦਫਤਰ
ਸੈਕਟਰ-17,ਡੀ ਚੰਡੀਗੜ੍ਹ।
ਫੋਨ ਨੰ: 0172-2724310

ਜਾਰੀ ਕਰਤਾ:-
(ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ, ਚੰਡੀਗੜ੍ਹ )

Scanned by CamScanner